# ਕ੍ਰਿਸ਼ਮਿਆਂ ਭਰੀ ਦਾਸਤਾਂਨ

## ਹਰਜਿੰਦਰ ਸਿੰਘ ਕੰਵਲ

ੴ

# ਕ੍ਰਿਸ਼ਮਿਆਂ ਭਰੀ ਦਾਸਤਾਂਨ

ਹਰਜਿੰਦਰ ਸਿੰਘ ਕੰਵਲ (ਕਵੈਂਟਰੀ- ਯੂ:ਕੇ)

ਗੱਲ ਹੈ ਸੰਨ ੨੦੨੦ ਮਹਾਂਮਾਰੀ ਕਰੋਨਾ ਦੀ, ਜਿਸ ਵਿਚ ਕੁਲ ਸ੍ਰਿਸ਼ਟੀ ਇਸ ਦੇ ਮਾਰੂ ਵਾਰ ਤੋਂ ਨਾ ਬਚ ਸਕੀ ਅਤੇ ਸਰਬ ਕਾਇਨਾਤ ਨੂੰ ਇਸ ਨੇ ਆਪਣੀ ਬੇਰਹਿਮ ਲਪੇਟ ਵਿਚ ਜਕੜ ਲਿਆ ਜਿਸਦੀ ਮਿਸਾਲ ਇਤਿਹਾਸ ਵਿਚੋਂ ਮਿਲਣੀ ਮੁਸ਼ਕਿਲ ਹੀ ਨਹੀਂ ਬਲਕੇ ਨਾਮੁਮਕਿਨ ਹੈ । ਇਸ ਮਹਾਂਮਾਰੀ ਨੇ ਸਾਰੇ ਸੰਸਾਰ ਦਾ ਕਾਲ ਚੱਕਰ ਹੀ ਬਦਲ ਕੇ ਰੱਖ ਦਿੱਤਾ । ਕੋਈ ਵੀ ਮੁਲਕ ਇਸ ਦੇ ਘਾਤਕ ਵਾਰ ਤੋਂ ਬਚ ਨਾ ਸੱਕਿਆ ਅਤੇ ਲੱਖਾਂ ਦੀ ਗਿਣਤੀ ਵਿਚ ਇਨਸਾਂਨ ਇਸ ਦੀ ਮਾਰੂ ਅੱਗ ਦੀ ਅਹੂਤੀ ਬਣ ਕੇ ਰਹਿ ਗਏ । ਸਾਰਾ ਸੰਸਾਰ ਇਕ ਦਮ ਖਲੋ ਕੇ ਰਹਿ ਗਿਆ ਜਿੱਵੇ ਪ੍ਰਮਾਤਮਾ ਇਕ ਨਵੇਂ ਸੰਸਾਰ ਦੀ ਰਚਨਾ ਦੇ ਵਿਚ ਜੁੱਟ ਗਿਆ ਹੋਵੇ । ਲੋਗ ਘਰਾਂ ਵਿਚ ਕੈਦ ਹੋ ਗਏ ਅਤੇ ਸਾਰਾ ਕਾਰੋਬਾਰ ਇਕ ਦੱਮ ਠੱਪ ਹੋ ਗਿਆ । ਹਵਾਈ ਅੱਡੇ ਖਾਲੀ ਹੋ ਗਏ ਅਤੇ ਜਹਾਜ਼ ਇੰਵੇ ਕਤਾਰਾਂ ਵਿਚ ਖੜ੍ਹ ਗਏ ਜਿੰਵੇ ਕਿਸੇ ਨੁਮਾਇਸ਼ ਵਿਚ ਹੋਣ ।

ਇਸੇ ਹੀ ਸੰਧਰਬ ਵਿਚ ਯਾਤਰੀ ਹਜ਼ਾਰਾਂ ਦੀ ਗਿਣਤੀ ਅੰਦਰ ਦੂਸਰੇ ਮੁਲਕਾਂ ਵਿਚ, ਹਵਾਈ ਉਡਾਨਾ ਬੰਦ ਹੋਣ ਕਾਰਨ, ਉਥੇ ਹੀ ਫਸ ਗਏ ਅਤੇ ਆਪੋ ਆਪਣੇ ਮੁਲਕਾਂ, ਘਰਾਂ ਨੂੰ ਵਾਪਸ ਆਉਣ ਤੋਂ ਅਸਮੱਥ ਹੋ ਗਏ । ਹਵਾਈ ਉਡਾਨਾ ਦੇ ਨਾਲ ਨਾਲ, ਟਰੇਨਾ ਅਤੇ ਬੱਸਾਂ ਦਾ ਸਫਰ ਵੀ ਇਕ ਦੱਮ ਬੰਦ ਹੋ ਗਿਆ । ਪੂਰੇ ਹਿੰਦਸਤਾਨ ਨੂੰ ਹੀ ਨਹੀਂ ਬਲਕੇ ਸਾਰੇ ਮੁਲਕਾਂ ਨੂੰ ਹੀ ਤਾਲਾ ਲੱਗ ਗਿਆ ਅਤੇ ਇਹ ਲੱਗ ਰਿਹਾ ਸੀ ਕਿ ਇਸਦੀ ਚਾਬੀ ਕਿਤੇ ਗੁਆਚ ਗਈ ਹੈ ।

ਇਹ ਮੇਰੀ ਆਪ-ਬੀਤੀ ਦਾਸਤਾਂਨ ਇਨਹੀ ਦਿਨਾਂ ਦੀ ਹੈ । ਮੈਂ ਅਤੇ ਮੇਰੀ ਘਰ ਵਾਲੀ ਵੀ ਇਸ ਮਹਾਂਮਾਰੀ ਦੀ ਲਪੇਟ ਵਿਚ ਆ ਗਏ ਅਤੇ ਕਿਸ ਤਰ੍ਹਾਂ ਮੇਰੇ ਰਹਿਬਰ ਸਤਿਗੁਰੂ ਅਕਾਲ ਪੁਰਖ ਸ੍ਰੀ ਸਤਿਗੁਰੂ ਜਗਜੀਤ ਸਿੰਘ 'ਬੇਅੰਤ ਪਾਤਸ਼ਾਹ' ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ ਨੇ ਸਾਨੂੰ ਆਪਣੀ ਪਿਆਰ ਭਰੀ ਬੁੱਕਲ ਵਿਚ ਪਨਾਹ ਦੇ ਕੇ ਆਪਣੇ ਘਰ ਇੰਗਲੈਂਡ ਸਹੀ ਸਲਾਮਤ ਪਹੁੰਚਾਇਆ ਜੋ ਕਿ ਇਹਨਾਂ ਹਾਲਾਤਾਂ ਵਿਚ ਇਕ ਬਹੁਤ ਹੀ ਵਡਾ ਕ੍ਰਿਸ਼ਮਾ ਸੀ । ਇਸ ਅਦਭੁੱਤ ਸਫਰ ਵਿਚ ਜੋ ਸਾਡੇ ਨਾਲ ਬੀਤੀ ਇਸ ਦਾ ਜ਼ਿਕਰ ਅਗੇ ਕੀਤਾ ਗਿਆ ਹੈ । ਇਹ ਸਾਡੀ ਕ੍ਰਿਸ਼ਮਿਆਂ ਭਰੀ ਦਾਸਤਾਂਨ ਹੈ ਜੋ ਮੇਰੇ ਜੀਵਨ ਦਾ ਇਕ ਅਨਮੋਲ ਵਾਕਿਆ ਹੈ ਜੋ ਮੇਰੇ ਅੰਤਹਿ ਕਰਣ ਵਿਚ ਸਮੋ ਕੇ ਰਹਿ ਗਿਆ ਹੈ ।

ਸਫਰ ਦੀ ਦਾਸਤਾਂਨ:

ਅਸੀਂ ਇੰਗਲੈਂਡ ਤੋਂ ੯ ਮਾਰਚ ੨੦੨੦ ਨੂੰ ਦਿੱਲੀ ਪਹੁੰਚੇ । ਪ੍ਰੋਗਰਾਮ ਇਹ ਸੀ ਕਿ ਅਗਲੇ ਦਿਨ ਪੰਜਾਬ ਜਾਇਆ ਜਾਵੇ ਅਤੇ ਸ੍ਰੀ ਭੈਣੀ ਸਾਹਿਬ ਹੋਲੇ ਮਹੱਲੇ ਵਿਚ ਹਾਜ਼ਰੀ ਲੱਗਾਈ ਜਾਵੇ । ਇਸ ਤੋਂ ਪਹਿਲਾਂ ਇਕ ਰਾਤ ਦਿੱਲੀ ਰਹਿਣਾ ਪੈਣਾ ਸੀ ਹੋਟਲ ਦੇ ਵਿਚ, ਲੇਕਿਨ ਜਦੋਂ ਅਸੀਂ ਹੋਟਲ ਪਹੁੰਚੇ ਤਾਂ ਉਨ੍ਹਾ ਨੇ ਸਾਨੂੰ ਕਮਰਾ ਦੇਣ ਤੋਂ ਇਨਕਾਰ ਕਰ ਦਿਤਾ, ਕਿਉਂਕਿ ਸਰਕਾਰ ਵਲੋਂ ਹੁਕਮ ਹੋ ਗਿਆ ਸੀ ਕਿ ਕਿਸੇ ਬਾਹਰੋਂ ਆਏ ਗ਼ੈਰ ਭਾਰਤੀ ਨੂੰ ਕਮਰਾ ਨਾ ਦਿਤਾ ਜਾਵੇ ਜਿਸਦੀ ਵਜ੍ਹਾ ਕਰੋਨਾ ਵਾਇਰਸ ਦੇ ਫੈਲਨ ਦਾ ਡਰ । ਹਾਲਾਂਕਿ ਅਸੀਂ ਇਸ ਹੋਟਲ ਵਿਚ ਬੁਕਿੰਗ ਪਹਿਲਾਂ ਹੀ ਕੀਤੀ ਹੋਈ ਸੀ ਅਤੇ ਪੈਸੇ ਵੀ ਦਿਤੇ ਹੋਏ ਸਨ ਪਰ ਫਿਰ ਵੀ ਉਨ੍ਹਾਂ ਸਾਨੂੰ ਅੰਦਰ ਵੜਨ ਤੋਂ ਇਨਕਾਰ ਕਰ ਦਿਤਾ । ਇਕ ਦੋ ਹੋਟਲਾਂ ਵਿਚ ਕੋਸ਼ਿਸ਼ ਕੀਤੀ ਪਰ ਉਥੋਂ ਵੀ ਨਿਰਾਸਤਾ ਦਾ ਹੀ ਸਾਹਮਣਾ ਕਰਨਾ ਪਿਆ । ਆਖਿਰ ਕਿਸੇ ਦੋਸਤ ਦੇ ਘਰ ਜਾ ਕੇ ਪਨਾਹ ਲਈ । ਅਗਲੇ ਦਿਨ ਚਾਰ ਵਜੇ ਦੀ ਸ਼ਤਾਬਦੀ ਵਿਚ ਬੈਠ ਫਗਵਾੜੇ ਪਹੁੰਚੇ ਜਿਥੇ ਮੇਰਾ ਭਾਣਜਾ ਸਾਨੂੰ ਸਟੇਸ਼ਨ ਤੇ ਲੈਣ ਆਇਆ ਹੋਇਆ ਸੀ ਜੋ ਸਾਨੂੰ ਨਜ਼ਦੀਕ ਹੀ ਆਪਣੇ ਪਿੰਡ ਗੋਹਾਵਰ ਲੈ ਗਿਆ । ਰਸਤੇ ਵਿਚ ਉਸ ਸਾਨੂੰ ਇਤਲਾਹ ਦਿੱਤੀ ਕਿ ਕਰੋਨਾ ਕਰਕੇ ਹੋਲਾ ਮਹੱਲਾ ਕੈਂਸਲ ਹੋ ਗਿਆ ਹੈ । ਦਿਲ ਨੂੰ ਬੜੀ ਠੇਸ ਪਹੁੰਚੀ ਪਰ ਫਿਰ ਕਿਤੋਂ ਇਤਲਾਹ ਮਿਲੀ ਕਿ ਹੋਲਾ ਨਿਸਚਿਤ ਹੋ ਰਿਹਾ ਹੈ । ਸਾਹ ਵਿਚ ਸਾਹ ਮਸਾਂ ਆਇਆ ।

ਅਗਲੇ ਦਿਨ ਸ੍ਰੀ ਭੈਣੀ ਸਾਹਿਬ ਨੂੰ ਵਹੀਰਾਂ ਘੱਤ ਦਿਤੀਆਂ । ਦੁਪਹਿਰ ਦੇ ਦਿਵਾਨ ਦੇ ਭੋਗ ਸਮੇਂ ਅਸੀਂ ਅਕਾਲ ਪੁਰਖ ਦੀ ਨਗਰੀ ਪਹੁੰਚ ਗਏ । ਜਾਂਦਿਆਂ ਹੀ ਉਸ ਮੋਹਣੀ ਮੂਰਤ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦਰਸ਼ਨ ਦੀਦਾਰੇ ਉਨ੍ਹਾਂ ਦੀ ਮਿਠੀ ਮੁਸਕਾਨ ਅਤੇ ਪ੍ਰੇਮ ਭਰੀ ਗਲਵਕੜੀ ਨਾਲ ਹੋ ਗਏ ਅਤੇ ਬਹਿਸ਼ਤਾਂ ਦਾ ਨਜ਼ਾਰਾ ਮੂਰਤੀਮਾਨ ਹੋ ਗਿਆ ਅਤੇ ਮਨ ਇਕ ਅਦਭੁਤ ਖੇਤੇ ਵਿਚ ਆ ਗਿਆ ।

੧੨ ਤਰੀਕ ਦਾ ਦਿਵਾਨ ਪ੍ਰਤਾਪ ਮੰਦਿਰ ਦੇ ਸਾਹਮਣੇ ਘਾਹ ਉਤੇ ਲਗਾ । ਇੰਝ ਲੱਗ ਰਿਹਾ ਸੀ, ਸ੍ਰੀ ਸਤਿਗੁਰੂ ਉਦੇ ਸਿੰਘ ਜੀ, ਸਿਤਾਰਿਆਂ ਦੀ ਕਹਿਕਸ਼ਾਂ ਵਿਚ ਚੰਦਰਮਾ ਆਪਣੇ ਪੂਰਨ ਰੂਪ ਵਿਚ ਵਿਦਮਾਨ ਹੈ । ਆਨੰਦਮਈ ਕੀਰਤਨ ਦਾ ਸਰੂਰ ਸੰਗਤਾ ਮਾਣ ਰਹੀਆਂ ਸਨ ਜਿਸ ਨਾਲ ਇੰਦਰਪੁਰੀ ਵੀ ਸ਼ਰਮਿੰਦਗੀ ਮਹਿਸੂਸ ਕਰ ਰਹੀ ਸੀ (ਫੋਟੋ ਹੇਠਾਂ) । ਇਸੇ ਹੀ ਗੱਲ ਦੀ ਸ਼ਾਇਦ ਇੰਦਰ ਨੂੰ ਈਰਖਾ ਹੋ ਗਈ ਅਤੇ ਉਸਨੇ ਪੂਰੇ ਜ਼ੋਰਾਂ ਸ਼ੋਰਾਂ ਵਿਚ ਬਰਸਣਾ ਸ਼ੁਰੂ ਕਰ ਦਿਤਾ । ਸ੍ਰੀ ਸਤਿਗੁਰੂ ਜੀ ਨੇ ਪ੍ਰਤਾਪ ਮੰਦਿਰ 'ਗੋਵਰਧਨ' ਅੰਦਰ ਸਾਰਿਆਂ ਨੂੰ ਪਨਾਹ ਲਈ ਹਿਦਾਇਤ ਕਰ ਦਿਤੀ ।



ਅਗਲੀ ਸਵੇਰ ਹੋਲੇ ਦੇ ਭੋਗ ਪਏ, ਜਿਨ੍ਹਾ ਵਿਚ ਅਸੀਂ ਵੀ ਇਕ ਸਧਾਰਨ ਪਾਠ ਦਾ ਭੋਗ ਪੁਆਇਆ ਜੋ ਮੇਰੀ ਘਰ ਵਾਲੀ ਨੇ ਕੀਤਾ ਹੋਇਆ ਸੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਅਤੇ ਸ੍ਰੀ ਮਾਤਾ ਚੰਦ ਕੌਰ ਦੀ ਮਿੱਠੀ ਯਾਦ ਵਿਚ ਸੀ । ਕਈ ਸ਼ਾਦੀਆਂ ਹੋਈਆਂ ਅਤੇ ਨਵੇਂ ਘਰ ਬਸੇ । ਸ੍ਰੀ ਸਤਿਗੁਰੂ ਜੀ ਨੇ ਆਪਣੇ ਪ੍ਰਵਚਨਾ ਵਿਚ ਜ਼ਿਕਰ ਕੀਤਾ ਕਿ ਇਹ ਹੋਲਾ ਨਾ ਕਰਨ ਦੀਆਂ ਕਈ ਸਲਾਹਾਂ ਆਈਆਂ ਸਨ, ਪਰ ਫੈਸਲਾ ਇਹ ਲਿਆ ਗਿਆ ਸੀ ਕਿ 'ਸਰਬ ਰੋਗ ਕੋ ਅਉਖਧ ਨਾਮ' ਗੁਰਵਾਕ ਨੂੰ ਮੱਦੇ ਨਜ਼ਰ ਰਖਦੇ ਹੋਏ ਇਸ ਹੋਲੇ ਦੇ ਪ੍ਰੋਗਰਾਮ ਨੂੰ ਨੇਪਰੇ ਚ੍ਹਾੜਿਆ ਜਾਵੇ, ਜੋ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਨਿਰਵਿਘਨ ਸਮਾਪਤ ਹੋਇਆ । ਅਰਦਾਸ ਬਾਅਦ ਸ੍ਰੀ ਸਤਿਗੁਰੂ ਜੀ ਦੀ ਇਜਾਜ਼ਤ ਅਤੇ ਖੁਸ਼ੀਆਂ ਲੈ ਕੇ ਸਾਰੀਆਂ ਸੰਗਤਾ ਆਪੋ ਆਪਣੇ ਘਰਾਂ ਵੱਲ ਨੂੰ ਤੁਰ ਗਈਆਂ । ਅਸੀਂ ਵੀ ਗੋਹਾਵਰ ਨੂੰ ਆਪਣੀ ਕੀਤੀ ਟੈਕਸੀ ਵਿਚ ਪਹੁੰਚ ਗਏ ।

ਅਗਲੇ ਦਿਨ ਸਾਰਾ ਦਿਨ ਬਾਰਿਸ਼ ਕਾਰਨ ਕਿਤੇ ਵੀ ਜਾਣਾ ਨਾ ਹੋ ਸਕਿਆ । ਉਸਤੋਂ ਅਗਲੀ ਸਵੇਰ ਅਸੀਂ ਖਟਕੜ ਕਲਾਂ (ਸ਼ਹੀਦ ਭਗਤ ਸਿੰਘ ਦਾ ਪਿੰਡ) ਝੰਡਾ ਜੀ ਪਹੁੰਚੇ ਜਿਥੇ ਪੂਜਨੀਯ ਬਾਬਾ ਜਵਾਹਰ ਸਿੰਘ ਜੀ ਦਾ ਡੇਰਾ ਹੈ । ਇਹ ਬਾਬਾ ਜਵਾਹਰ ਸਿੰਘ ਜੀ ਉਨ੍ਹਾਂ ਸਿੱਖਾਂ ਵਿਚੋਂ ਸਨ ਜਿਨ੍ਹਾਂ ਨੂੰ ਗੁਰੂ ਅਮਰਦਾਸ ਜੀ ਨੇ ੨੨ ਮੰਜੀਆਂ ਬਖਸ਼ੀਆਂ ਸਨ ਅਤੇ ਇਹ ਜਗ੍ਹਾ ਉਨ੍ਹਾਂ ਵਿਚੋਂ ਇਕ ਹੈ । ਇਸ ਜਗ੍ਹਾ ਤੇ ਸਾਡੇ ਬਜ਼ੁਰਗ ਸਦੀਆਂ ਤੋਂ ਆਉਂਦੇ ਰਹੇ ਹਨ ਅਤੇ ਹੁਣ ਤੱਕ ਸਾਨੂੰ ਵੀ ਇਥੇ ਜਾਣ ਦੀ ਹਿਦਾਇਤ ਹੈ । ਇਨ੍ਹਾਂ ਦਰਸ਼ਨਾ ਤੋਂ ਬਾਅਦ ਅਸੀਂ ਆਪਣੇ ਪਿੰਡ ਢੇਸੀਆਂ ਕਾਹਨਾ, ਜੋ ਗੁਰਾਇਆਂ ਤੋਂ ਤਕਰੀਬਨ ੭/੮ ਮੀਲ ਤੇ ਹੈ ਗਏ ਜਿੱਥੇ ਕੁਝ ਪਿਤਾ ਜੀ ਦੇ ਪੁਰਾਣੇ ਸਾਥੀਆਂ ਦੀਆਂ ਆਉਲਾਦਾਂ ਨੂੰ ਮਿਲਕੇ ਅਨੰਦ ਪ੍ਰਸੰਨ ਹੋਏ ।

ਤੀਸਰੀ ਸਵੇਰ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਦੀ ਤਿਆਰੀ ਹੋ ਗਈ । ਉਥੇ ਜਾਣ ਨੂੰ ਹੁਣ ਪੰਜਾਬ ਸਰਕਾਰ ਨੇ ਬਹੁਤ ਵਧੀਆ ਮੋਟਰਵੇ ਬਣਾਇਆ ਹੈ ਜਿਸਨੇ ਸਾਨੂੰ ਜਲਦੀ ਹੀ ਗੁਰੂ ਨਾਨਕ ਜੀ ਦੇ ਇਤਿਹਾਸਿਕ ਗੁਰਦਵਾਰੇ ਪਹੁੰਚਾ ਦਿਤਾ । ਗੁਰੂਦਵਾਰੇ ਵੀ ਹੋਲੇ ਮਹੱਲੇ ਕਰਕੇ ਲਹਿਰਾਂ ਬਹਿਰਾਂ ਸਨ ਅਤੇ ਸੰਗਤਾਂ ਹੁਮ ਹੁੰਮਾ ਕੇ ਦਰਸ਼ਣਾ ਨੂੰ ਪਹੁੰਚੀਆਂ ਹੋਈਆਂ ਸਨ । ਇਹ ਗੁਰਦਵਾਰਾ ਸਭ ਤੋਂ ਮਕਬੂਲ ਹੋਣਾ ਚਾਹੀਦਾ ਸੀ ਕਿਉਂਕਿ ਇਥੇ ਗੁਰੂ ਨਾਨਕ ਜੀ ਬਹੁਤ ਸਾਲ ਰਹੇ ਅਤੇ ਇਤਿਹਾਸਿਕ ਬੇਰੀ ਥਲੇ ਅਤੇ ਨਜ਼ਦੀਕ ਭੋਰੇ ਵਿਚ ੧੭/੧੮ ਸਾਲ ਘੋਰ ਤਪੱਸਿਆ ਵਿਚ ਲੀਨ ਰਹੇ । ਇਸੇ ਹੀ ਜਗ੍ਹਾ ਵੇਈਂ ਨਦੀ ਹੈ ਜਿਥੇ ਗੁਰੂ ਜੀ ਤਿੰਨਾ ਦਿਨਾ ਲਈ ਅਲੋਪ ਰਹੇ । ਇਸ ਤੀਰਥ ਦੀ ਮਹਾਨਤਾ ਹੁਣ ਹੌਲੀ ਹੌਲੀ ਗੁਰੂ ਜੀ ਦੇ ੫੫੦ ਸਾਲਾ ਮਨਾਵਣ ਬਾਅਦ ਦੁਗਣੀ ਚੌਗਣੀ ਹੋ ਗਈ ਹੈ । ਇਥੋਂ ਅਸੀਂ ਕਰਤਾਰਪੁਰ ਪਹੁੰਚੇ ਜਿਥੇ ਜੰਗ-ਏ-ਅਜ਼ਾਦੀ ਦੇ ਘੁਲਾਟੀਆਂ ਦਾ ਇਕ ਬਹੁਤ ਹੀ ਸੁੰਦਰ ਮੀਊਜ਼ੀਅਮ ਕੌਂਪਲੈਕਸ ਬਣਿਆ ਹੋਇਆ ਹੈ । ਇਸ ਦੀ ਸੁੰਦਰਤਾ ਕਹਿਣੀ ਅਤੇ ਕਥਨੀ ਤੋਂ ਬਾਹਰ ਹੈ । ਇਥੇ ਇਕ



ਗੈਲਰੀ ਵਿਚ ਨਾਮਧਾਰੀ ਸ਼ਹੀਦਾ ਅਤੇ ਅਜ਼ਾਦੀ ਦੇ ਪਰਵਾਨਿਆਂ ਸਮੇਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਅਜ਼ਾਦੀ ਸੰਘਰਸ਼ ਅਤੇ ਕ੍ਰਾਂਤੀਕਾਰੀ ਜੀਵਨ ਮੂਰਤੀਮਾਨ ਕੀਤਾ ਗਿਆ ਹੈ । ਮੈਂ ਇਸ ਮੀਊਜ਼ੀਅਮ (ਫੋਟੋ) ਨੂੰ ਵੇਖਣ ਦੀ ਸਭ ਨੂੰ ਪੁਰਜ਼ੋਰ ਸਲਾਹ ਦਿੰਦਾ ਹਾਂ ।

ਅਗਲੀ ਸਵੇਰ ਸ੍ਰੀ ਹਰਿਮੰਦਰ ਸਾਹਿਬ ਪਹੁੰਚੇ ਅਤੇ ਗੁਰੂ ਨਗਰੀ ਦੇ ਦਰਸ਼ਨਾ ਬਾਅਦ, ਆਉਂਦੀ ਵਾਰੀ ਬਾਬਾ ਬਕਾਲੇ ਦੇ ਦਰਸ਼ਨ ਕੀਤੇ ਜਿਥੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ 'ਗੁਰੂ ਲਾਧੋ ਰੇ' ਦੇ ਹੋਕੇ ਨੇ ਨੌਂਵੇ 'ਗੁਰੂ' ਪਦਵੀ ਲਈ ਉਜਾਗਰ ਕੀਤਾ । ੧੯ ਤਰੀਕ ਨੂੰ ਸਵੇਰੇ ੭.੩੦ ਦੀ ਗੱਡੀ ਜਲੰਧਰ ਛਾਵਣੀ ਤੋਂ ਬੈਠ ਰਾਇਪੁਰ ਛਤੀਸ ਗੜ੍ਹ ਨੂੰ ਰਵਾਨਾ ਹੋ ਗਏ, ਜਿਥੇ ਮੇਰੀ ਭੈਣ ਅਤੇ ਭਾਣਜੇ ਰਹਿੰਦੇ ਹਨ । ੨੦ ਤਰੀਕ ਅਗਲੇ ਦਿਨ ੩੦ ਘੰਟਿਆਂ ਦੇ ਸਫਰ ਤੋਂ ਬਾਅਦ ਅਸੀਂ ਰਾਏਪੁਰ ਪਹੁੰਚ ਗਏ । ਮੇਰਾ ਭਾਣਜਾ ਸਾਨੂੰ ਸਟੇਸ਼ਨ ਤੇ ਲੈਣ ਆਇਆ ਹੋਇਆ ਸੀ । ਰਸਤੇ ਵਿਚ ਇਕ ਬਜ਼ਾਰ ਵਿਚੋਂ ਲੰਘੇ ਜੋ ਬਿਲਕੁਲ ਬੰਦ ਸੀ । ਪਤਾ ਲੱਗਾ ਕਿ ਇਥੇ ਇਕ ਲੜਕੀ ਨੂੰ ਕਰੋਨਾ ਹੋਇਆ ਹੈ ਅਤੇ ਸਰਕਾਰ ਨੇ ਸਾਰਾ ਬਜ਼ਾਰ ਹੀ ਬੰਦ ਕਰ ਦਿਤਾ ਹੈ । ਅਗਲੇ ਦਿਨ ਸਾਰਾ ਰਾਇਪੁਰ ਹੀ ਲਾਕਡਾਊਨ ਹੋ ਗਿਆ ਅਤੇ ਸਭ ਨੂੰ ਘਰਾਂ ਵਿਚ ਹੀ ਰਹਿਣ ਦਾ ਪੁਰਜ਼ੋਰ ਹੁਕਮ ਹੋ ਗਿਆ । ਅਸੀਂ ਪਹਿਲਾਂ ਉਦੇਪੁਰ, ਮਾਊਂਟ ਆਬੂ ਦੀ ਬੁਕਿੰਗ ਕੀਤੀ ਹੋਈ ਸੀ ਅਤੇ ਰਾਇਪੁਰ ਤੋਂ ਸਿੱਧੇ ਉਦੇਪੁਰ ਜਾਣਾ ਸੀ ਪਰ ਪਹੁੰਚ ਕੇ ਪਤਾ ਲੱਗਾ ਕਿ ਰਾਜਿਸਥਾਨ ਸਾਰਾ ਲੌਕਡਾਊਨ ਹੋ ਗਿਆ ਹੈ ਅਤੇ ਸਾਰੀਆਂ ਹਵਾਈ ਉਡਾਨਾ ਰੱਦ ਹੋ ਗਈਆਂ ਹਨ । ਸਾਡੇ ਟਿਕਟ ਵੀ ਕੈਂਸਲ ਹੋ ਗਏ ਇਸ ਲਈ ਅਸੀਂ ਰਾਇਪੁਰ ੨੯ ਮਾਰਚ ਤਕ ਰਹਿਣ ਦਾ ਫੈਸਲਾ ਕਰ ਲਿਆ ਅਤੇ ਇਸੇ ਤਰੀਕ ਨੂੰ ਦਿੱਲੀ ਜਾਣ ਦੀ ਹਵਾਈ ਬੁਕਿੰਗ ਵੀ ਕਰ ਲਈ ।

ਪਹਿਲਾ ਕ੍ਰਿਸ਼ਮਾ

੨੪ ਮਾਰਚ ਨੂੰ ਅਫਵਾਹਾਂ ਉਡੀਆਂ ਕਿ ਜਹਾਜ਼ੀ ਉਡਾਨਾ ਸ਼ਾਇਦ ਬੰਦ ਹੋ ਜਾਣੀਆ ਹਨ । ਇਕ ਅਵਾਜ਼ ਜ਼ਹਿਨ ਵਿਚੋਂ ਆਈ ਜਿਸਨੇ ਇਹ ਕਿਹਾ ਕਿ ਇਥੋਂ ਜਲਦੀ ਤੋਂ ਜਲਦੀ ਨਿਕਲ । ਕੰਪੂਟਰ ਤੇ ਵੇਖਿਆ ਤਾਂ ੨ ਉਡਾਨਾ ਰਾਇਪੁਰ ਤੋਂ ਦਿੱਲੀ ਦੀਆਂ ਸਨ । ਇਕ ੭.੩੦ ਵਜੇ ਸ਼ਾਮ ਅਤੇ ਇਕ ੮.੩੦ ਵਜੇ । ਅੰਦਰੋਂ ਪ੍ਰੇਰਨਾ ਹੋਈ ਕਿ ਇਹ ਪਹਿਲੀ ਫਲਾਈਟ ਪਕੜੋ । ਜਲਦੀ ਹੀ ਉਸ ਦੀ ਬੁਕਿੰਗ ਕਰ ਲਈ ਅਤੇ ਸ਼ਾਮ ਦੇ ੫ ਵਜੇ ਏਅਰਪੋਰਟ ਪਹੁੰਚ ਗਏ । ਮੇਰਾ ਭਾਣਜਾ ਬਾਹਰ ਪਾਰਕਿੰਗ ਵਿਚ ਕਾਰ ਵਿਚ ਬੈਠ ਗਿਆ ਕਿ ਜਿਨਾ ਤਿਕਰ ਜਹਾਜ਼ ਜਾਂਦਾ ਨਹੀਂ ਉਹ ਉਡੀਕ ਕਰੇਗਾ । ਅਸੀਂ ਸਾਰਾ ਸਮਾਨ ਚੈਕ ਇਨ ਕਰਕੇ ਲਾਊਂਜ ਵਿਚ ਬੈਠੇ ਸਾਂ ਕਿ ਮੇਰੇ ਭਾਣਜੇ ਦਾ ਫੋਨ ਆ ਗਿਆ । ਉਸਨੇ ਸਾਨੂੰ ਦਸਿਆ ਕਿ ਹੁਣੇ ਹੁਣੇ ਐਲਾਨ ਹੋਇਆ ਹੈ ਕਿ ਸਾਰੀਆਂ ਭਾਰਤੀ ਉਡਾਨਾ ਰੱਦ ਹੋ ਗਈਆਂ ਹਨ ਇਹ ਸਾਡੇ ਵਾਲੀ ਫਲਾਈਟ ਹੀ ਆਖਰੀ ਉਡਾਨ ਹੈ ਰਾਇਪੁਰ ਤੋਂ । ਅਸੀਂ ਸਤਿਗੁਰੂ ਜੀ ਦਾ ਸ਼ੁਕਰਾਨਾ ਕੀਤਾ ਜਿਨ੍ਹਾ ਸਾਨੂੰ ਇਹ ਫਲਾਇਟ ਲੈਣ ਦੀ ਪ੍ਰੇਰਨਾ ਕੀਤੀ ਸੀ । ਇਥੇ ਦਸਣਾ ਜ਼ਰੂਰੀ ਹੈ ਕਿ ਰਾਇਪੁਰ ਦਿੱਲੀ ਤੋਂ ਤਕਰੀਬਨ ੧੨੦੦ ਕੀ:ਮ ਦੂਰ ਹੈ ਅਤੇ ਦੋ ਮਹੀਨਿਆ ਤੱਕ ਸਾਰੀਆਂ ਆਵਾ ਜਾਈ ਦੀਆਂ ਸਹੂਲਤਾ ਬੰਦ ਹੋ ਗਈਆਂ ਸਨ । ਜੇ ਅਸੀਂ ਇਥੇ ਰਹਿ ਜਾਂਦੇ ਤਾਂ ੨ ਮਹੀਨਿਆ ਤੱਕ ਇਥੇ ਹੀ ਫਸੇ ਰਹਿਣਾ ਸੀ । ਸਤਿਗੁਰੂ ਜੀ ਦੀ ਕਿਰਪਾ ਸਦਕਾ ਹੀ ਅਸੀਂ ਦਿੱਲੀ ਪਹੁੰਚੇ ।

ਦੂਸਰਾ ਕ੍ਰਿਸ਼ਮਾ

ਤਕਰੀਬਨ ੯.੩੦ ਵਜੇ ਰਾਤ ਨੂੰ ਦਿੱਲੀ ਹਵਾਈ ਅੱਡੇ ਤੇ ਪਹੁੰਚੇ । ਏਅਰਪੋਰਟ ਬਿਲਕੁਲ ਖਾਲੀ ਪਿਆ ਸੀ ਅਤੇ ਘੁੱਪ ਹਨੇਰਾ ਸਾਰੇ ਪਾਸੇ ਛਾਇਆ ਹੋਇਆ ਸੀ । ਇਕ ਅਧੀ ਬੱਤੀ ਜਗਦੀ ਹੋਵੇਗੀ । ਇਕ ਪਰਾਈਵੇਟ ਟੈਕਸੀ ਵਾਲਾ ਆਇਆ ਅਤੇ ਪੁਛਣ ਲੱਗਾ ਅਸਾਂ ਕਿਥੇ ਜਾਣਾ ਹੈ । ਅਸੀਂ ਕਿਹਾ ਰਮੇਸ਼ ਨਗਰ ਤਾਂ ਉਸਨੇ ਕਿਹਾ ੧੭੦੦ ਰੁਪਿਆ ਲਗੇਗਾ (ਵੈਸੇ ਤਕਰੀਬਨ ੪੦੦ ਰੁ: ਲਗਦਾ ਹੈ ) । ਇਨੇ ਨੂੰ ਸਾਨੂੰ ਰਮੇਸ਼ ਨਗਰ ਤੋਂ ਫੋਨ ਆ ਗਿਆ ਕਿ ਇਥੇ ਰਸਤੇ ਅਤੇ ਗਲੀਆਂ ਬਿਲਕੁਲ ਬਲਾਕ ਕਰ ਦਿਤੀਆਂ ਹਨ ਅਤੇ ਕੋਈ ਵੀ ਆ ਜਾ ਨਹੀਂ ਸਕਦਾ । ਇਕ ਜਗ੍ਹਾ ਹੋਰ ਫੋਨ ਕੀਤਾ ਉਧਰੋਂ ਵੀ ਉਹੀ ਜਵਾਬ ਆਇਆ ਕਿ ਆਪਣਾ ਬੰਦੋਬਸਤ ਆਪੇ ਕਰੋ, ਉਹ ਲਾਚਾਰ ਹਨ । ਅਸੀਂ ਹੱਕੇ ਬੱਕੇ ਰਹਿ ਗਏ ਅਤੇ ਸੋਚਾਂ ਵਿਚ ਪੈ ਗਏ ਕਿ ਹੁਣ ਕੀ ਕਰੀਏ । ਨਾ ਹੀ ਟੈਕਸੀ ਹੈ ਅਤੇ ਨਾ ਹੀ ਕੋਈ ਹੋਟਲ ਵਾਲਾ ਸਾਨੂੰ ਵੜਨ ਦਿੰਦਾ ਹੈ । ਇਨੇ ਨੂੰ ਇਕ ਕਾਰ ਆਈ ਅਤੇ ਇਕ ਲੜਕਾ ਵਿਚੋਂ ਨਿਕਲਿਆ ਅਤੇ ਪੁਛਣ ਲੱਗਾ ਕਿ ਅਸੀਂ ਕਿਥੇ ਜਾਣਾ ਹੈ । ਅਸੀਂ ਉਸ ਨੂੰ ਆਖਿਆ ਅਸਾਂ ਜਾਣਾ ਤਾਂ ਰਮੇਸ਼ ਨਗਰ ਸੀ ਪਰ ਉਥੋਂ ਵੀ ਨਾਂਹ ਹੋ ਗਈ ਹੈ ਅਤੇ ਕੋਈ ਹੋਟਲ ਵੀ ਸਾਨੂੰ ਕਮਰਾ ਦੇਣ ਨੂੰ ਤਿਆਰ ਨਹੀਂ । ਉਸ ਲੜਕੇ ਜਿਸਦਾ ਨਾਮ ਚੰਦਰ ਸੀ ਨੇ ਸਾਨੂੰ ਕਿਹਾ ਕਿ ਉਹ ਸਾਨੂੰ ਹੋਟਲ ਵਿਚ ਲੈ ਚਲੇਗਾ ਕੋਈ ਫਿਕਰ ਵਾਲੀ ਗੱਲ ਨਹੀਂ ਅਤੇ ਇਸਦੇ ਇਵਜ਼ ਵਿਚ ਉਸਨੇ ਸਾਡੇ ਕੋਲੋਂ ਹਜ਼ਾਰ ਰੁਪੱਯਾ ਆਪਣੇ ਲਈ ਅਤੇ ਹੋਟਲ ਇਕ ਰਾਤ ਲਈ ੪੦੦੦ ਰੁ: ਮੰਗਿਆ । ਮੈਂ ਕਿਹਾ ਠੀਕ ਹੈ ਅਤੇ ਉਹ ਸਾਨੂੰ ਕੋਲ ਹੀ ਇਕ ਹੋਟਲ ਵਿਚ ਲੈ ਗਿਆ । ਹੋਟਲ ਕਾਫੀ ਸਾਫ ਸੁਥਰਾ ਸੀ ਅਤੇ ਸਾਨੂੰ ਪਸੰਦ ਆ ਗਿਆ । ਮੈਂ ਚੰਦਰ ਨੂੰ ਉਸਦੇ ਹਜ਼ਾਰ ਰੁਪਏ ਦਿਤੇ ਅਤੇ ਸਤਿਗੁਰੂ ਜੀ ਦਾ ਸ਼ੁਕਰਾਨਾ ਕੀਤਾ । ਅਗਲੀ ਸਵੇਰ ਉਹ ਚੰਦਰ ਫਿਰ ਆਇਆ ਇਹ ਪੁਛਣ ਕਿ ਸਭ ਕੁਝ ਠੀਕ ਠਾਕ ਹੈ ? ਮੈਂ ਹਾਂ ਵਿਚ ਜਵਾਬ ਦਿਤਾ ਅਤੇ ਉਸਨੂੰ ਕਿਹਾ ਕਿ ਅਸੀਂ ਹੁਣ ਇਥੇ ਹੀ ਰਹਿਣ ਦਾ ਫੈਸਲਾ ਕਰ ਲਿਆ ਹੈ ਅਤੇ ਜੇ ਹੋ ਸਕਦਾ ਹੈ ਤਾਂ ਹੋਟਲ ਦਾ ਕਰਾਇਆ ਘਟਾਇਆ ਜਾਵੇ (ਕਿਉਂਕਿ ਹੋਟਲ ਦਾ ਅਸਲ ਕਰਾਇਆ ਇਸਤੋਂ ਕਾਫੀ ਘੱਟ ਸੀ)। ਚੰਦਰ ਨੇ ਗੱਲ ਬਾਤ ਕਰਾਕੇ ਇਕ ਹਜ਼ਾਰ ਰੁ: ਘਟਾ ਦਿਤਾ ਅਤੇ ਆਪਣਾ ਫੋਨ ਨੰਬਰ ਦੇ ਕੇ ਚਲਾ ਗਿਆ ਕਿ ਕੋਈ ਵੀ ਤਕਲੀਫ ਹੋਵੇ ਤਾਂ ਉਸਨੂੰ ਸੱਦ

ਲੈਣਾ । ਇਹ ਲੜਕਾ ਸਾਡੇ ਲਈ ਫਰਿਸ਼ਤਾ ਬਣਕੇ ਆਇਆ ਅਤੇ ਐਡੇ ਵੱਡੇ ਲਾਕਡਾਊਨ ਵਿਚ ਸਾਡਾ ਮਦਦਗਾਰ ਬਣਿਆ । ਇਹ ਸਤਿਗੁਰੂ ਜਗਜੀਤ ਸਿੰਘ ਜੀ ਦਾ ਕ੍ਰਿਸ਼ਮਾਂ ਨਹੀਂ ਤਾਂ ਹੋਰ ਕੀ ਹੈ?

ਤੀਸਰਾ ਕ੍ਰਿਸ਼ਮਾ



ਹੋਟਲ ਦੇ ਇਕ ਕਮਰੇ ਵਿਚ ਦਿਨ ਬਤੀਤ ਹੋਣ ਲੱਗੇ । ਹੋਟਲ ਵਾਲਿਆਂ ਦੇ ਰਾਸ਼ਣ ਦਾ ਕੋਟਾ ਵੀ ਢਿੱਲਾ ਮੱਠਾ ਹੋਣ ਲੱਗ ਪਿਆ । ਕਦੀ ਦੁੱਧ ਮੁੱਕ ਜਾਂਦਾ ਕਦੀ ਖੰਡ ਮੁਕ ਜਾਂਦੀ । ਕਦੀ ਸਬਜ਼ੀ ਮਿਲਦੀ ਕਦੀ ਨਹੀਂ । ਇਸੇ ਤਰ੍ਹਾਂ ੧੧/੧੨ ਦਿਨ ਲੰਘ ਗਏ । ਸਤਿਗੁਰੂ ਜੀ ਨੂੰ ਹਰ ਪਲ ਹਰ ਘੜੀ ਯਾਦ ਕਰਦੇ ਰਹੇ । ਬਰਿਟਿਸ਼ ਹਾਈ ਕਮਿਸ਼ਨ ਵਿਚ ਆਪਣਾ ਨਾਮ ਪਤਾ ਆਦਿ ਜਮ੍ਹਾ ਕਰਵਾ ਦਿਤਾ ਕਿ ਅਸੀਂ ਇਥੇ ਗ਼ੈਰ ਮੁਲਕ ਵਿਚ ਫਸੇ ਹੋਏ ਹਾਂ ਸਾਨੂੰ ਕੱਢੋ । ਵਲੈਤ ਵਾਲਿਆਂ ਨੇ ਐਲਾਨ ਕਰ ਦਿਤਾ ਸੀ ਕਿ ਉਹ ਜਲਦੀ ਹੀ ਬਰਿਟਿਸ਼ ਬਾਸ਼ਿੰਦਿਆਂ ਲਈ ਹਵਾਈ ਜਹਾਜ਼ ਭੇਜਣਗੇ ਜਿਹੜੇ ਉਨ੍ਹਾ ਨੂੰ ਹਿੰਦੁਸਤਾਨ ਵਿਚੋਂ ਇੰਗਲੈਂਡ ਪਹੁੰਚਾਉਣਗੇ। ਰੋਜ਼ ਹੀ ਉਮੀਦਾਂ ਕਰਦੇ ਰਹੇ, ਜਦਕੇ ਕਈ ਹੋਰ ਮੁਲਕਾਂ ਵਾਲਿਆਂ ਨੇ ਪਹਿਲ ਕਰਕੇ ਆਪਣੇ ਬਾਸ਼ਿੰਦਿਆਂ ਨੂੰ ਆਪਣੇ ਮੁਲਕਾਂ ਵਿਚ ਪਹੁੰਚਾ ਦਿਤਾ ਸੀ ।
ਇਥੇ ਇਕ ਜੇਲ੍ਹ ਦੀ ਤਰ੍ਹਾਂ ਦਿਨ ਕੱਟ ਹੋ ਰਹੇ ਸਨ । ਅਸੀਂ ਸ੍ਰੀ ਸਤਿਗੁਰੂ ਜੀ ਨੂੰ ਹਰ ਪਲ ਯਾਦ ਕਰਦੇ ਰਹੇ, ਭਗਾਉਤੀ ਦੀਆਂ ਮਾਲਾਂ ਅਤੇ ਅਰਦਾਸਾਂ ਨਾਲ ਦਿਨ ਬਤੀਤ ਹੋਣ ਲੱਗੇ ।

੨ ਅਪਰੈਲ ਦੀ ਗੱਲ ਹੈ, ਇਹ ਫੋਟੋ ਜੋ ਸੰਤ ਗੁਰਸ਼ਰਨ ਸਿੰਘ ਗੁਸ਼ੀ ਨੇ ਭੇਜੀ ਸੀ: ਇਸ ਫੋਟੋ ਵਿਚ ਇਕ ਐਸੀ ਅਕਰਖਣ ਸ਼ਕਤੀ ਵੇਖੀ ਜਿਵੇਂ ਗੁਰੂ ਨਾਨਕ ਸਾਖਯਾਤ ਦਰਸ਼ਣ ਦੇ ਰਹੇ ਹੋਣ । ਇਹ ਫੋਟੋ ਵੇਖਦਿਆਂ ਹੀ ਮਨ ਤਨ ਅੰਨਦ ਵਿਭੋਰ ਹੋ ਗਿਆ ਅਤੇ ਦਿਲੋਂ ਇਕ ਹੂਕ ਨਿਕਲੀ 'ਹੇ ਸਤਿਗੁਰੂ, ਹੁਣ ਤਾਂ ਬਹੁਤ' ਅਤੇ ਅੱਖਾਂ ਭਰ ਆਈਆਂ ਅਤੇ ਦਿਲ ਨੂੰ ਸੰਭਲਣਾ ਮੁਸ਼ਕਿਲ ਹੋ ਗਿਆ। ਇਹ ਰਾਤ ਉਦਾਸੀ ਵਿਚ ਹੀ ਕੱਟੀ ।
ਸਵੇਰੇ ਤਕਰੀਬਨ ਦੱਸ ਵਜੇ ਇਕ ਫੋਨ ਆਇਆ ਜੋ ਹਾਈ ਕਮਿਸ਼ਨ ਤੋਂ ਸੀ । ਬੋਲਣ ਵਾਲੇ ਦਾ ਨਾਮ ਰਾਹੁਲ ਸੀ । ਉਸਨੇ ਸਾਨੂੰ ਕਿਹਾ ਕਿ ੩ ਤਰੀਕ ਸਵੇਰ ਇਕ ਜਹਾਜ਼ ਲੰਡਨ ਜਾ ਰਿਹਾ ਹੈ, ਕੀ ਅਸੀਂ ਜਾਣ ਨੂੰ ਤਿਆਰ ਹਾਂ? 'ਅੰਨ੍ਹਾ ਕੀ ਮੰਗੇ ਦੋ ਅੱਖਾਂ'- ਫਟਾ ਫਟ ਹਾਂ ਕੀਤੀ । ਉਸਨੇ ਕਿਰਾਇਆ ੮੦੦੦੦ ਰੁਪਏ ਦੱਸਿਆ (ਸਾਡੇ ਦੋਹਾਂ ਦਾ ਤਕਰੀਬਨ ੩੦੦੦ ਕਨੇਡੀਅਨ ਡਾਲਰ) । ਅਸੀਂ ਉਸਨੂੰ ਸਾਡੀ ਸਾਰੀਆਂ ਡੀਟੇਲਜ਼ ਦੇ ਦਿਤੀਆਂ । ਉਸਨੇ ਕਿਹਾ ਕਿ ਸਾਡੇ ਟਿਕਟ ਦੁਪਹਿਰ ਤੱਕ ਪਹੁੰਚ ਜਾਣਗੇ, ਜਿਹੜੇ ਚਾਰ ਵਜੇ ਤੱਕ ਪਹੁੰਚ ਗਏ । ਹੁਣ ਏਰਪੋਰਟ ਪਹੁੰਚਣ ਦਾ ਮਸਲਾ ਸਾਹਮਣੇ ਆਇਆ ਕਿਉਂਕਿ ਰਸਤੇ ਵੀ ਸਾਰੇ ਬਲੌਕ ਸਨ ਅਤੇ ਪੁਲਿਸ ਕਿਸੇ ਨੂੰ ਵੀ ਰਸਤੇ ਉਤੇ ਨਿਕਲਣ ਨਹੀਂ ਦਿੰਦੀ ਸੀ ।

ਹੋਟਲ ਵਿਚ ਇਕ ਟੈਕਸੀ ਵਾਲਾ ਸਾਨੂੰ ਲਾਰਾ ਲਾਈ ਜਾ ਰਿਹਾ ਸੀ ਕਿ ਉਹ ਸਾਨੂੰ ਲੈ ਜਾਵੇਗਾ ਅਤੇ ਇਸ ਲਈ ਉਹ ਸਾਡੇ ਕੋਲੋਂ ੪/੫੦੦੦ ਰੁਪਿਆ ਮੰਗੇ ਕਿ ਪੁਲਿਸ ਨੂੰ ਖੁਲਾਉਣੇ ਪੈਣੇ ਹਨ । ਅਸੀਂ ਫਿਰ ਸ਼ਸ਼ੋਪੰਜ ਵਿਚ ਪੈ ਗਏ ਕਿ ਹੁਣ ਕੀ ਕਰੀਏ? ਇਸ ਨੂੰ ਪੈਸੇ ਦੇਣ ਨਾਲ ਵੀ ਕੋਈ ਜ਼ਰੂਰੀ ਨਹੀਂ ਸੀ ਕਿ ਇਹ ਸਾਨੂੰ ਸਾਡੀ ਮੰਜ਼ਿਲ ਤੇ ਪਹੁੰਚਾਏਗਾ । ਮੈਂ ਫੇਰ ਚੰਦਰ ਨੂੰ ਫੋਨ ਕੀਤਾ ਅਤੇ ਉਹ ਅੱਧੇ ਘੰਟੇ ਵਿਚ ਆ ਗਿਆ । ਉਸਨੇ ਸਾਡਾ ਸਮਾਨ ਗੱਡੀ ਵਿਚ ਰੱਖਿਆ ਅਤੇ ਸਾਡੇ ਟਿਕਟ ਦੀ ਫੋਟੋ ਆਪਣੇ ਫੋਨ ਵਿਚ ਦਰਜ ਕਰ ਲਈ ਅਤੇ ਸਾਨੂੰ ਇੰਦਰਾ ਗਾਂਧੀ ਹਵਾਈ ਅੱਡੇ ਤੇ ਲੈ ਗਿਆ । ਹਵਾਈ ਅੱਡੇ ਬਾਹਰ ਪੁਲਿਸ ਨੇ ਰੋਕ ਲਿਆ । ਮੈਂ ਉਨ੍ਹਾਂ ਨੂੰ ਟਿਕਟ ਦਿਖਾਇਆ ਪਰ ਉਨ੍ਹਾ ਆਖਿਆ 'ਤੁਸੀਂ ਜਾ ਤਾਂ ਸਕਦੇ ਹੋ ਪਰ ਇਹ ਡਰਾਈਵਰ ਵਾਪਸ ਕਿੰਵੇ ਆਵੇਗਾ ਕਿਉਂਕਿ ਉਸ ਨੂੰ ਇਕ ਸਪੈਸ਼ਲ ਪਰਮਿਟ ਪਹਿਲਾਂ ਲੈਣੀ ਚਾਹੀਦੀ ਸੀ । ਖੈਰ ਅਸੀਂ ਏਰਪੋਰਟ ਅੰਦਰ ਪਹੁੰਚ ਗਏ, ਤਕਰੀਬਨ ੨.੩੦ ਰਾਤ ਦਾ ਵਕਤ ਸੀ । ਚੰਦਰ ਫਿਕਰ ਕਰ ਰਿਹਾ ਸੀ ਕਿ ਜਾਣ ਵੇਲੇ ਉਸਨੂੰ ਤਕਲੀਫ ਹੋਵੇਗੀ । ਮੈਂ ਉਸਨੂੰ ਹੌਂਸਲਾ ਦਿਤਾ ਕਿ ਫਿਕਰ ਨਾ ਕਰ ਗੁਰੂ ਨਾਨਕ ਤੇਰੀ ਮਦਦ ਕਰਨਗੇ । ਇਥੇ ਦਸਣਾ ਜ਼ਰੂਰੀ ਹੈ ਕਿ ਚੰਦਰ ਸਿੰਧੀ ਹੈ ਅਤੇ ਇਹ ਗੁਰੂ ਨਾਨਕ ਸਾਹਿਬ ਤੇ ਪੂਰਨ ਭਰੋਸਾ ਰੱਖਦੇ ਹਨ । ਮੈਂ ਉਸਨੂੰ ਦੋ ਹਜ਼ਾਰ ਰੁਪਿਆ ਦਿਤਾ ਜਿਸ ਨਾਲ ਉਹ ਖੁਸ਼ ਹੋ ਗਿਆ ਅਤੇ ਸਾਨੂੰ ਛੱਡ ਕੇ ਚਲਾ ਗਿਆ । (ਇੰਗਲੈਂਡ ਆ ਕਿ ਮੈਂ ਉਸਨੂੰ ਫੋਨ ਕੀਤਾ ਸੀ ਅਤੇ ਪੁਛਿਆ ਕਿ ਜਾਣ ਵੇਲੇ ਉਸਨੂੰ ਕੋਈ ਤਕਲੀਫ ਤਾਂ ਨਹੀਂ ਹੋਈ, ਤਾਂ ਉਸਨੇ ਕਿਹਾ ਇਕ ਜਗ੍ਹਾ ਹੀ ਉਸਨੂੰ ਰੋਕਿਆ ਗਿਆ ਸੀ ਅਤੇ ਉਸਨੇ ਸਾਡਾ ਟਿਕਟ ਦਿਖਾ ਦਿਤਾ ਸੀ ਜਿਸ ਨਾਲ ਉਹ ਸਹੀ ਸਲਾਮਤ ਆਪਣੇ ਘਰ ਪਹੁੰਚ ਗਿਆ ਸਤਿਗੁਰੂ ਜੀ ਦੀ ਕਿਰਪਾ ਸਦਕਾ) ।

### ਚਉਥਾ ਕ੍ਰਿਸ਼ਮਾ

ਹਵਾਈ ਜਹਾਜ਼ ਪੂਰੇ ਟਾਇਮ ਸਿਰ ਲੰਡਨ ਹਵਾਈ ਅੱਡੇ ਤੇ ਪਹੁੰਚ ਗਿਆ । ਹਵਾਈ ਅੱਡਾ ਇਥੇ ਵੀ ਦਿੱਲੀ ਵਾਂਗੂ ਖਾਲੀ ਪਿਆ ਸੀ ਅਤੇ ਟਾਂਵਾਂ ਟਾਂਵਾਂ ਹੀ ਕੋਈ ਅਫਸਰ ਜਾਂ ਕਰਿੰਦਾ ਦਿਸਦਾ ਸੀ । ਅਸੀਂ ਇਮੀਗਰੇਸ਼ਨ ਤਕ ਪਹੁੰਚੇ ਤਾਂ ਵੇਖਿਆ ਅਸੀਂ ਕੱਲੇ ਹੀ ਲੰਡਨ ਦੇ ਮੁਸਾਫਿਰ ਸਾਂ, ਬਾਕੀ ਸਾਰੇ ਪਸੰਜਰ ਕੈਨੇਡਾ ਦੇ ਸਨ, ਜਿਨ੍ਹਾ ਲਈ ਕੈਨੇਡੀਅਨ ਏਰਲਾਇਨਜ਼ ਦੀ ਉਡਾਨ ਤਿਆਰ ਸੀ ਜਿਸਨੇ ਉਨ੍ਹਾ ਨੂੰ ਕਨੇਡਾ ਲੈ ਕੇ ਜਾਣਾ ਸੀ । ਸਾਨੂੰ ਬੜੀ ਹੈਰਾਨੀ ਹੋਈ ਜਿਵੇਂ ਇਹ ਜਹਾਜ਼ ਸਿਰਫ ਸਾਡੀ ਖਾਤਿਰ ਹੀ ਆਇਆ ਹੋਵੇ । ਅਸੀਂ ਏਰਪੋਰਟ ਤੋਂ ਸਮਾਨ ਲੈਕੇ ਬਾਹਰ ਨਿਕਲ ਰਹੇ ਸਾਂ ਤਾਂ ਇਕ ਟੈਕਸੀ ਵਾਲਾ ਰਸਤੇ ਵਿਚ ਮਿਲਿਆ ਜਿਸਦੇ ਹੱਥ ਵਿਚ ਇਕ ਇਸ਼ਤਿਹਾਰ (Placard) ਸੀ ਜਿਸ ਉਤੇ ਕਿਸੇ ਦਾ ਨਾਮ ਲਿਖਿਆ ਹੋਇਆ ਸੀ । ਅਸੀਂ ਉਸ ਨੂੰ ਪੁਛਿਆ ਕਿ ਬਾਹਰੋਂ ਟੈਕਸੀ ਕਿਥੋਂ ਮਿਲੇਗੀ ਤਾਂ ਉਸਨੇ ਕਿਹਾ ਜੇ ਅਸਾਂ ਪਹਿਲਾਂ ਟੈਕਸੀ ਆਰਡਰ ਨਹੀਂ ਕੀਤੀ ਤਾਂ ਹੁਣ ਨਹੀਂ ਮਿਲੇਗੀ ਕਿਉਂਕਿ ਅੱਡਾ ਬੰਦ ਹੋਣ ਕਰਕੇ ਕੋਈ ਵੀ ਟੈਕਸੀ ਉਪਲਬਧ ਨਹੀਂ ਸੀ । ਅਤੇ ਇਹ ਕਹਿਕੇ ਉਹ ਅੱਗੇ ਚਲਾ ਗਿਆ ਅਤੇ ਅਸੀਂ ਬਾਹਰ ਨਿਕਲ ਆਏ । ਮੈਂ ਉਬਰ ਟੈਕਸੀ ਵਾਲਿਆਂ ਨੂੰ ਫੋਨ ਕੀਤਾ, ਪਰ ਮੇਰਾ ਕਰੈਡਿਟ ਕਾਰਡ ਉਨ੍ਹਾਂ ਦੇ ਰਿਕੋਰਡ ਵਿਚ ਅਕਸਪਾਇਰ ਹੋ ਚੁੱਕਾ ਸੀ । ਹੋਰ ਕਾਰਡ ਦੀ ਤਫਸੀਲ ਦਿੰਦੇ ਦਿੰਦੇ ਮੇਰੇ ਫੋਨ ਦੀ ਬੈਟਰੀ ਜਵਾਬ ਦੇ ਗਈ । ਅਸੀਂ ਬੜੇ ਸ਼ਸ਼ੋਪੰਜ ਵਿਚ ਪਏ ਕਿ ਹੁਣ ਕੀ ਕਰੀਏ ਕਿ ਇਨੇ ਨੂੰ ਉਹੋ ਟੈਕਸੀ ਵਾਲਾ ਜੋ ਸਾਨੂੰ ਪਹਿਲਾਂ ਮਿਲਿਆ ਸੀ ਆ ਗਿਆ । ਅਸੀਂ ਉਸਨੂੰ ਆਪਣੀ ਦਾਸ਼ਤਾਂਨ ਦੱਸੀ ਤਾਂ ਉਸ ਆਖਿਆ ਕਿ ਉਹ ਕੋਸ਼ਿਸ਼ ਕਰਦਾ ਹੈ । ਉਸਨੇ ਆਪਣੇ ਦਫਤਰ ਫੋਨ ਕੀਤਾ ਅਤੇ ਸਾਨੂੰ ਪੁਛਿਆ ਅਸੀਂ ਕਿਥੇ ਜਾਣਾ ਹੈ । ਅਸੀਂ ਕਿਹਾ ਕਵੈਂਟਰੀ, ਜੋ ਤਕਰੀਬਨ ੧੦੦ ਮੀਲ ਤੇ ਹੈ । ਉਹ ਹੈਰਾਨ ਹੋਇਆ ਪਰ ਉਸਦੇ ਦਫਤਰ ਵਾਲੇ ਮੰਨ ਗਏ ਅਤੇ ਸਾਡੇ ਕੋਲੋਂ £੧੫੫ ਲੈ ਕੇ ਉਹ ਸਾਨੂੰ ਆਪਣੇ ਘਰ ਕਵੈਂਟਰੀ ਪਹੁੰਚਾ ਗਿਆ । ਰਸਤੇ ਵਿਚ ਮੈਂ ਡਰਾਈਵਰ ਨੂੰ ਪੁਛਿਆ ਕਿ ਜਿਸ ਪਸੰਜਰ ਨੂੰ ਉਹ ਲੈਣ ਆਇਆ ਸੀ, ਉਸ ਦਾ ਕੀ ਹੋਇਆ ? ਤਾਂ ਉਸਨੇ ਜਵਾਬ ਦਿੱਤਾ ਉਸ ਦਾ ਜਹਾਜ ਹੀ ਨਹੀਂ ਆਇਆ ਅਤੇ ਨਾਂ ਹੀ ਉਸਨੂੰ (ਡਰਾਈਵਰ ਨੂੰ) ਇਸਦੀ ਇਤਲਾਹ ਹੀ ਮਿਲੀ ਸੀ । ਮੈਂ ਉਸਨੂੰ ਆਖਿਆ 'ਤੂੰ ਸਾਡੇ ਲਈ ਹੀ ਆਇਆ ਸੈਂ ' । ਇਹ ਮੇਰੇ ਸਤਿਗੁਰੂ ਜਗਜੀਤ ਸਿੰਘ ਦਾ ਚਾਉਥਾ ਕ੍ਰਿਸ਼ਮਾ ਸੀ ।

### ਸਾਰੰਸ਼

ਉਪਰਲੇ ਬ੍ਰਿਤਾਂਤ ਤੋਂ ਕਈਆਂ ਨੂੰ ਲੱਗ ਰਿਹਾ ਹੋਵੇਗਾ ਕਿ ਇਹ ਅਕਸਮਾਤੀ (Coincidence) ਵਾਕਿਆ ਹੀ ਹਨ । ਅਕਸਮਾਤ ਵਾਕਿਆ ਇਕ ਜਾਂ ਦੋ ਵਾਰ ਹੋ ਸਕਦੇ ਹਨ, ਚਾਰ ਜਾਂ ਪੰਜ ਵਾਰ ਨਹੀਂ । ਜਦੋਂ ਹਜ਼ਾਰਾਂ ਦੀ ਗਿਣਤੀ ਵਿਚ ਦਿੱਲੀ ਵਿਚ ਯੂ:ਕੇ ਦੇ ਸਿਟੀਜ਼ਨ ਫਸੇ ਬੈਠੇ ਸਨ, ਕਿਉਂ ਸਿਰਫ ਸਾਨੂੰ ਹੀ ਉਸ ਜਹਾਜ਼ ਵਿਚ ਜਗ੍ਹਾ ਮਿਲੀ - ਇਹ ਅਕਸਮਾਤ ਨਹੀਂ ਬਲਕੇ ਸਤਿਗੁਰੂ ਜੀ ਦਾ ਕ੍ਰਿਸ਼ਮਾਂ ਹੀ ਸੀ । ਇਥੇ ਇਹ ਦਸਣਾ ਅਤੀ ਜ਼ਰੂਰੀ ਹੈ ਕਿ ਦਿੱਲੀ ਤੋਂ ਸਾਡੀ ਉਡਾਨ ਬਾਅਦ ਤਕਰੀਬਨ ੪/੫ ਹਫਤਿਆਂ ਬਾਅਦ ਹੀ ਕੁਝ ਹੋਰ ਉਡਾਨਾ ਸ਼ੁਰੂ ਹੋਈਆਂ ਸਨ । ਮੇਰੇ ਮਨ ਨੂੰ ਪਰੇਰ ਕੇ ਰਾਏਪੁਰ ਤੋਂ ਦਿੱਲੀ ਇਕ ਅਖੀਰਲੀ ਉਡਾਨ ਵਿਚ ਪਹੁੰਚਾਣਾ ਵੀ ਕ੍ਰਿਸ਼ਮਾ ਹੀ ਸੀ । ਦਿੱਲੀ ਹਵਾਈ ਅੱਡੇ ਤੇ ਇਕ ਸ਼ਕਸ ਦਾ ਮਿਲਨਾ ਜਦ ਕਿ ਪੂਰਨ ਤੌਰ ਤੇ ਲਾਕਡਾਊਨ ਹੋ ਚੁਕਾ ਸੀ ਅਤੇ ਹੋਟਲ ਵਿਚ ਪਹੁੰਚਾਣਾ ਜਦ ਕੇ ਸਾਰੇ ਹੋਟਲ ਵਾਲਿਆਂ ਨੇ ਬਾਹਰ ਵਾਲਿਆਂ (N.R.I) ਨੂੰ ਬਾਈਕਾਟ ਕੀਤਾ ਹੋਇਆ ਸੀ । ਕੀ ਇਹ ਇਤੇਫਾਕ ਸੀ ? ਫਿਰ ਉਸੇ ਹੀ ਸਕਸ਼ ਦਾ ਸਾਨੂੰ ਇਤਨੀ ਕਰਤਾਈ ਵਿਚ ਮੁੜ ਏਰਪੋਰਟ ਪਹੁੰਚਾਣਾ ਵੀ ਕਰਾਮਾਤ ਤੋਂ ਘੱਟ ਨਹੀਂ ਸੀ । ਆਖਿਰ ਲੰਡਨ ਏਰਪੋਰਟ ਤੇ ਉਸ ਟੈਕਸੀ ਡਰਾਈਵਰ ਦਾ ਮਿਲਨਾ ਜੋ ਕਿਸੇ ਹੋਰ ਨੂੰ ਲੈਣ ਆਇਆ ਸੀ ਅਤੇ ਜਿਸਨੇ ਸਾਨੂੰ ਆਪਣੇ ਘਰ ਸੌ ਮੀਲ ਦੂਰ ਪਹੁੰਚਾਇਆ । ਇਹ ਬਖਸ਼ਿਸ਼ਾਂ ਇਕ ਪੂਰਨ ਸਤਿਗੁਰੂ ਹੀ ਕਰ ਸਕਦਾ ਹੈ ।

ਇਕ ਹੋਰ ਕ੍ਰਿਸ਼ਮਾ ਜੋ ਹੋਇਆ ਹੈ ਉਸ ਨੇ ਤਾਂ ਸੋਨੇ ਤੇ ਸੁਹਾਗਾ ਹੀ ਪਾ ਦਿੱਤਾ ਹੈ । ਪਿਛੇ ਦਸਿਆ ਸੀ ਕਿ ਲੰਡਨ ਆਉਣ ਲਈ ਜੋ ਟਿਕਟਾਂ ਲਈ ਪੈਸੇ ਦੇਣੇ ਸਨ, ਉਹ ਜਹਾਜ਼ ਵਾਲਿਆਂ ਨੇ ਸਾਡੇ ਕੋਲੋਂ ਮੰਗੇ ਹੀ ਨਹੀਂ, ਜੋ ਉਸ ਵੇਲੇ ਉਨ੍ਹਾਂ ਨੂੰ ਦਿੱਤੇ ਨਹੀਂ ਗਏ ਸਨ । ਗੱਲ ਕੀ, ਇਹ ਸਫਰ ਮੁਫਤ ਵਿਚ ਹੋ ਗਿਆ, ਸਤਿਗੁਰੂ ਦੀ ਕਿਰਪਾ ਨਾਲ । ਹੋਰ ਜਿਨੇ ਪਸੰਜਰ ਇੰਗਲੈਂਡ ਪਹੁੰਚੇ ਹਨ ਉਨ੍ਹਾ ਨੂੰ ਹਜ਼ਾਰਾਂ ਪੌਂਡ ਕਿਰਾਇਆ ਖਰਚਣਾ ਪਿਆ ਜੋ ਕਿ ਅਸਲੀ ਕਿਰਾਏ ਨਾਲੋਂ ਤਿੰਨ ਚਾਰ ਗੁਣਾ ਜ਼ਿਆਦਾ ਸੀ ।

ਮੈਂ ਇਕ ਅਲਪੱਗ ਜੀਵ ਹਾਂ ਜੋ ਪੂਰੀ ਤਰ੍ਹਾਂ ਨਾਮਧਾਰੀ ਬਾਣੇ ਅਤੇ ਰਹਿਤ ਵਿਚ ਵੀ ਪੂਰਨ ਨਹੀਂ ਹਾਂ । ਹਾਂ, ਇਤਨਾ ਜ਼ਰੂਰ ਹੈ ਕਿ ਸਤਿਗੁਰੂ ਜੀ ਦੀ ਕਿਰਪਾ ਸਦਕਾ ਥੋਹੜਾ ਬਹੁਤਾ ਸਿਮਰਨ ਕਰ ਲੈਂਦਾ ਹਾਂ । ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਟੱਲ ਮੇਹਰ ਸਦਕਾ ਨਾਮ ਦੀ ਪ੍ਰਾਪਤੀ ਅਫਰੀਕਾ ਵਿਚ ਹੋਈ । ਅਟੱਲ ਪ੍ਰਤਾਪੀ ਤੋਂ ਬਾਅਦ ਬੇਅੰਤ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਖੂਬਸੂਰਤ ਅਤੇ ਪ੍ਰਾਣਮਈ ਚਰਨਾਂ ਨਾਲ ਜੋੜ ਲਿਆ ਅਤੇ ਹੁਣ ਸ੍ਰੀ ਹਜ਼ੂਰ ਅਰਸ਼ਾਂ ਫਰਸ਼ਾਂ ਦੇ ਮਾਲਿਕ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸਾਡੀ ਰਹਿਨੁਮਾਈ ਕਰ ਰਹੇ ਹਨ । ਸਾਡੇ ਵਰਗਾ ਕੌਣ ਖੁਸ਼ਨਸੀਬ ਹੋ ਸਕਦਾ ਹੈ ? ਮੈਂ ਸ੍ਰੀ ਸਤਿਗੁਰੂ ਜੀ ਦੇ ਇਹ ਮੇਰੇ ਤੇ ਪਰਉਪਕਾਰਾਂ ਦਾ ਦਿੱਤਾ ਕਦੀ ਵੀ ਨਹੀਂ ਦੇ ਸਕਦਾ ।

"ਗਨੀਵ ਤੇਰੀ ਸਿਫਤਿ ਸੱਚੇ ਪਾਤਸ਼ਾਹ"